| Surname | | Other Names | |
|---|---|---|---|
| Centre Number | | Candidate Number | |
| Candidate Signature | | | |

| Leave blank |
|---|

General Certificate of Secondary Education
Summer 2003

# PANJABI 3681/RF
## Foundation Tier
## Reading Test

F

Friday 23 May 2003 1.30pm – 2.00pm

**No additional materials are required.**

Time allowed: 30 minutes

**Instructions**
- Use blue or black ink or ball-point pen.
- Fill in the boxes at the top of this page.
- Write your answers in this combined question paper/answer book.
- In **Section A** answer the questions in **English**.
- In **Section B** answer the questions in **Panjabi**.
- Write neatly and put down **all** the information you are asked to give.

**Information**
- Mark allocations are shown in brackets.
- The maximum mark for this paper is **35**.
- You are **not** allowed to use a dictionary at any time during this test.

| For Examiner's Use | | | |
|---|---|---|---|
| Page | Mark | Page | Mark |
| 2 / 3 | | | |
| 4 / 5 | | | |
| 6 / 7 | | | |
| 8 / 9 | | | |
| 10 | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| Total (Column 1) → | | | |
| Total (Column 2) → | | | |
| TOTAL | | | |
| Examiner's Initials | | | |

Copyright © 2003 AQA and its licensors. All rights reserved.

*LEAVE MARGIN BLANK*

**SECTION A**

Questions and answers in **English.**

**1** You read this notice outside a doctor's surgery.

ਅੰਦਰ ਜਾਣ ਤੋਂ ਪਹਿਲਾਂ ਘੰਟੀ ਜ਼ਰੂਰ ਵਜਾਉ ।

What are you asked to do ?

**A** Come in quietly.

**B** Report at reception before sitting down.

**C** Ring the bell before entering.

**D** Ring the bell to get attention.

Write the letter of the correct answer in the box.

*(1 mark)*

LEAVE MARGIN BLANK

**2** You see this handwritten message from Amandip.

ਪਿਆਰੇ ਮੰਮੀ ਅਤੇ ਡੈਡੀ ਜੀ,

ਮੇਰੇ ਦੋਸਤ ਬਲਜਿੰਦਰ ਦਾ ਫੋਨ ਆਇਆ ਸੀ । ਬਲਜਿੰਦਰ ਨੇ ਨਵਾਂ ਪਲੇ-ਸਟੇਸ਼ਨ ਖਰੀਦਿਆ ਹੈ । ਮੈਂ ਉਸ ਨਾਲ ਪਲੇ-ਸਟੇਸ਼ਨ ਤੇ ਖੇਡਣ ਜਾ ਰਿਹਾ ਹਾਂ। ਹੁਣ ਗਿਆਰਾਂ ਵੱਜੇ ਹਨ ਅਤੇ ਮੈਂ ਦੋ ਵਜੇ ਵਾਪਸ ਆ ਜਾਵਾਂਗਾ । ਤੁਸੀਂ ਫਿਕਰ ਨਹੀਂ ਕਰਨਾ ।

ਅਮਨਦੀਪ

(a) Who is the message for?

..............................................................................................................................................

*(1 mark)*

(b) Where is Amandip going?

..............................................................................................................................................

*(1 mark)*

(c) What will he do there?

..............................................................................................................................................

*(1 mark)*

(d) How long is he going to stay?

..............................................................................................................................................

*(1 mark)*

5

**Turn over**

LEAVE MARGIN BLANK

**3** Ranjit sends this e-mail to her friend Baljit.

**To:** Baljit

ਮੈਂ ਕੱਲ੍ਹ ਨੂੰ ਆਪਣੇ ਮੰਮੀ, ਡੈਡੀ ਤੇ ਭਰਾ ਨਾਲ ਪਿਕਨਿਕ ਤੇ ਜਾ ਰਹੀ ਹਾਂ । ਮੈਂ ਚਾਹੁੰਦੀ ਹਾਂ ਕਿ ਤੂੰ ਵੀ ਸਾਡੇ ਨਾਲ ਚੱਲੇਂ ।

(a) What has Baljit been invited to do?

..........................................................................................................................................

*(1 mark)*

(b) Who else is going with Ranjit?

..........................................................................................................................................

*(1 mark)*

LEAVE MARGIN BLANK

## ਸੈਕਸ਼ਨ ਬੀ

## ਪ੍ਰਸ਼ਨ ਅਤੇ ਉੱਤਰ ਪੰਜਾਬੀ ਵਿੱਚ

**4** ਦਿਲਰਾਜ ਆਪਣੇ ਦੋਸਤ ਨੂੰ ਇਹ ਈ.-ਮੇਲ ਭੇਜਦਾ ਹੈ ।

> ਮੈਂ ਕੱਲ੍ਹ ਹੀ ਇੰਡੀਆ ਤੋਂ ਵਾਪਸ ਆਇਆ ਹਾਂ । ਮੇਰਾ ਟਰਿੱਪ ਬਹੁਤ ਚੰਗਾ ਰਿਹਾ । ਮੈਂ ਆਪਣੇ ਸਾਰੇ ਰਿਸ਼ਤੇਦਾਰਾਂ ਨੂੰ ਮਿਲ ਕੇ ਬਹੁਤ ਖੁਸ਼ ਹੋਇਆ । ਉੱਥੇ ਮੌਸਮ ਇੰਨਾ ਚੰਗਾ ਨਹੀਂ ਸੀ । ਧੁੰਦ ਬਹੁਤ ਹੀ ਪੈਂਦੀ ਸੀ । ਸਵੇਰ ਤੇ ਸ਼ਾਮ ਨੂੰ ਠੰਡ ਵੀ ਬਹੁਤ ਹੋ ਜਾਂਦੀ ਸੀ ।

(ੳ) ਦਿਲਰਾਜ ਇੰਡੀਆ ਜਾ ਕੇ ਖੁਸ਼ ਕਿਉਂ ਸੀ ?

..............................................................................................................................

*(1 mark)*

(ਅ) ਦਿਲਰਾਜ ਨੂੰ ਇੰਡੀਆ ਬਾਰੇ ਕੀ ਪਸੰਦ ਨਹੀਂ ਆਇਆ ?

..............................................................................................................................

*(1 mark)*

(ੲ) ਕਿਉਂ ?

..............................................................................................................................

*(1 mark)*

**TURN OVER FOR THE NEXT QUESTION**

5

LEAVE MARGIN BLANK

**5** ਮਨਜੀਤ ਨੇ ਇੱਕ ਸਾਦਾ ਜਿਹਾ 'ਸ਼ਬਦ-ਪਜ਼ਲ' (word-puzzle) ਤਿਆਰ ਕੀਤਾ ਹੈ ਜਿਸ ਵਿੱਚ ਦੋ ਸ਼ਬਦ-ਲਿਸਟਾਂ ਹਨ ।

## ਪਹਿਲੀ ਸ਼ਬਦ-ਲਿਸਟ

1. ਸਿਨਮਾ
2. ਮਕਾਨ
3. ਕਾਰ
4. ਪਲੇਟ
5. ਚਿੜੀਆ-ਘਰ
6. ਘੰਟੀ
7. ਪੈੱਗ
8. ਚਟਣੀ

ਉੱਪਰ ਲਿਖੇ ਸ਼ਬਦਾਂ ਨੂੰ ਹੇਠ ਲਿਖੇ ਸ਼ਬਦਾਂ ਨਾਲ ਮੈਚ ਕਰਕੇ ਠੀਕ ਨੰਬਰ ਖਾਨੇ ਵਿੱਚ ਲਿਖੋ ।

## ਦੂਜੀ ਸ਼ਬਦ-ਲਿਸਟ

ਉਦਾਹਰਣ:-

| | |
|---|---|
| ਪਕੌੜੇ | **8** |
| ਖਾਣਾ | |
| ਫਿਲਮ | |
| ਕਮਰਾ | |
| ਸ਼ੇਰ | |
| ਟੈਲੀਫ਼ੂਨ | |

*(5 marks)*

LEAVE MARGIN BLANK

**6** ਤੁਸੀਂ ਸਕੂਲ ਦੇ ਨੋਟਿਸ ਬੋਰਡ ਤੇ ਦਸਵੀਂ ਕਲਾਸ ਦੇ ਬੱਚਿਆਂ ਦਾ ਟਾਈਮ-ਟੇਬਲ ਦੇਖਦੇ ਹੋ ।

| ਲੈਸਨ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁੱਕਰਵਾਰ |
|---|---|---|---|---|---|
| 1 | ਪੰਜਾਬੀ | ਟਿਊਟਰ ਲੈਸਨ | ਅੰਗ੍ਰੇਜ਼ੀ | ਸਾਇੰਸ | ਸਾਇੰਸ |
| 2 | ਪੀ. ਈ. | ਹਿਸਾਬ | ਭੂਗੋਲ | ਸਾਇੰਸ | ਸਾਇੰਸ |
| 3 | ਹਿਸਾਬ | ਪੰਜਾਬੀ | ਫਰੈਂਚ | ਅੰਗ੍ਰੇਜ਼ੀ | ਹਿਸਾਬ |
| **ਲੰਚ ਟਾਈਮ** | | | | | |
| 4 | ਅੰਗ੍ਰੇਜ਼ੀ | ਸਾਇੰਸ | ਇਤਿਹਾਸ | ਭੂਗੋਲ | ਅੰਗ੍ਰੇਜ਼ੀ |
| 5 | ਇਤਿਹਾਸ | ਸਾਇੰਸ | ਹਿਸਾਬ | ਇਤਿਹਾਸ | ਫਰੈਂਚ |

(ੳ) ਕਿਹੜੇ ਵਿਸ਼ੇ ਦੇ ਸਭ ਤੋਂ ਜ਼ਿਆਦਾ ਲੈਸਨ ਹੁੰਦੇ ਹਨ ?

..........................................................................................................................................

*(1 mark)*

(ਅ) ਕਿਹੜੇ ਵਿਸ਼ੇ ਦੇ ਸਭ ਤੋਂ ਘੱਟ ਲੈਸਨ ਹੁੰਦੇ ਹਨ ?

..........................................................................................................................................

*(1 mark)*

(ੲ) ਬੁੱਧਵਾਰ ਨੂੰ ਹਿਸਾਬ ਦਾ ਲੈਸਨ ਕਦੋਂ ਹੁੰਦਾ ਹੈ ?

..........................................................................................................................................

*(1 mark)*

(ਸ) ਸ਼ੁੱਕਰਵਾਰ ਨੂੰ ਆਖਰੀ ਲੈਸਨ ਕਿਹੜਾ ਹੁੰਦਾ ਹੈ ?

..........................................................................................................................................

*(1 mark)*

(ਹ) ਪੰਜਾਬੀ ਦੇ ਲੈਸਨ ਕਿਹੜੇ ਕਿਹੜੇ ਦਿਨ ਹੁੰਦੇ ਹਨ ?

..........................................................................................................................................

*(1 mark)*

__ 
10

**Turn over**

LEAVE MARGIN BLANK

7 ਇਹ ਇੱਕ ਲੇਖ ਦਾ ਹਿੱਸਾ ਹੈ ਜੋ ਹਰਪਰੀਤ ਨੇ ਲਿਖਿਆ ਸੀ ।

> ਮੈਂ ਆਪਣੇ ਮਾਤਾ, ਪਿਤਾ, ਭੈਣ ਅਤੇ ਭਰਾ ਨਾਲ ਰਹਿੰਦੀ ਹਾਂ । ਮੇਰੇ ਭਰਾ ਦਾ ਸੁਭਾਅ ਬਹੁਤ ਹੀ ਹਸਮੁੱਖ ਹੈ । ਉਹ ਹਰ ਵੇਲੇ ਮਜ਼ਾਕ ਕਰਦਾ ਰਹਿੰਦਾ ਹੈ । ਮੇਰੀ ਭੈਣ ਬਹੁਤ ਘੱਟ ਬੋਲਦੀ ਹੈ । ਮੇਰਾ ਭਰਾ ਕਹਿੰਦਾ ਹੈ ਕਿ ਮੇਰੀ ਭੈਣ ਬਹੁਤ ਬੋਰਿੰਗ ਹੈ । ਮੇਰੇ ਮਾਤਾ ਜੀ ਬਹੁਤ ਗੱਲਾਂ ਕਰਦੇ ਹਨ । ਉਹ ਬਹੁਤੀ ਦੇਰ ਚੁੱਪ ਨਹੀਂ ਬੈਠ ਸਕਦੇ । ਮੇਰੇ ਪਿਤਾ ਜੀ ਕਾਫ਼ੀ ਸਖ਼ਤ ਸੁਭਾਅ ਦੇ ਹਨ । ਉਹ ਆਮ ਤੌਰ ਤੇ ਖੁਸ਼ ਹੀ ਰਹਿੰਦੇ ਹਨ ਪਰ ਕਦੀ ਕਦੀ ਜਦ ਉਹ ਥੱਕੇ ਹੁੰਦੇ ਹਨ ਤਾਂ ਬਹੁਤ ਜਲਦੀ ਗੁੱਸੇ ਹੋ ਜਾਂਦੇ ਹਨ । ਮੇਰੇ ਮਾਤਾ ਜੀ ਕਹਿੰਦੇ ਹਨ ਕਿ ਮੇਰਾ ਸੁਭਾਅ ਬਹੁਤ ਮਿੱਠਾ ਹੈ । ਸਾਰੇ ਮੈਨੂੰ ਬਹੁਤ ਪਿਆਰ ਕਰਦੇ ਹਨ ।

ਵਾਕਾਂ ਨੂੰ ਪੜ੍ਹੋ ।

**ਲਿਖੋ :**

ਠੀਕ **ਠ**
ਗਲਤ **ਗ**
ਪਤਾ ਨਹੀਂ ?

| | | |
|---|---|---|
| ਉਦਾਹਰਣ | ਹਰਪਰੀਤ ਦੀਆਂ ਦੋ ਭੈਣਾਂ ਤੇ ਇੱਕ ਭਰਾ ਹੈ । | **ਗ** |
| | ਹਰਪਰੀਤ ਦਾ ਭਰਾ ਹਰ ਵੇਲੇ ਖੁਸ਼ ਰਹਿੰਦਾ ਹੈ । | |
| | ਹਰਪਰੀਤ ਦੀ ਭੈਣ ਬਹੁਤ ਉਦਾਸ ਰਹਿੰਦੀ ਹੈ । | |
| | ਹਰਪਰੀਤ ਦੇ ਮਾਤਾ ਜੀ ਚੁੱਪ ਰਹਿੰਦੇ ਹਨ । | |
| | ਹਰਪਰੀਤ ਦੇ ਪਿਤਾ ਜੀ ਕਦੀ ਕਦੀ ਗੁੱਸੇ ਹੁੰਦੇ ਹਨ । | |
| | ਹਰਪਰੀਤ ਦਾ ਸੁਭਾਅ ਬਹੁਤ ਚੰਗਾ ਹੈ । | |

*(5 marks)*

LEAVE MARGIN BLANK

**8** ਤੁਸੀਂ ਇਹ ਇਸ਼ਤਿਹਾਰ ਲੋਕਲ ਅਖਬਾਰ ਵਿੱਚ ਦੇਖਦੇ ਹੋ ।

# ਵਿਸਾਖੀ ਮਨਾਉ ਤੇ ਭੰਗੜਾ ਪਾਉ

ਵਿਸਾਖੀ ਦੀ ਖੁਸ਼ੀ ਵਿੱਚ 26 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਏਸ਼ੀਅਨ ਕਮਿਊਨਿਟੀ ਸੈਂਟਰ ਵਿੱਚ ਫੈਮਿਲੀ ਵਿਸਾਖੀ ਸ਼ੋਅ ਦਾ ਪ੍ਰਬੰਧ ਕੀਤਾ ਗਿਆ ਹੈ । ਸ਼ੋਅ ਦਾ ਸਮਾਂ ਸ਼ਾਮ ਦੇ ਛੇ ਵਜੇ ਤੋਂ ਦਸ ਵਜੇ ਤੱਕ ਹੈ । ਟਿਕਟ ਸਿਰਫ ਪੰਜ ਪੌਂਡ ਹੈ । ਦਸ ਸਾਲ ਤੋਂ ਘੱਟ ਉਮਰ ਦੇ ਬੱਚੇ ਮੁਫਤ ਜਾ ਸਕਦੇ ਹਨ । ਮਲਕੀਤ ਸਿੰਘ, ਸਤਵਿੰਦਰ ਬਿੱਟੀ ਤੇ 'ਪੰਜਾਬ ਭੰਗੜਾ ਗਰੁੱਪ' ਪ੍ਰੋਗਰਾਮ ਕਰਨਗੇ । ਪੰਜਾਬੀ ਖਾਣਾ ਵੀ ਵਰਤਾਇਆ ਜਾਵੇਗਾ ।

(ੳ) ਸ਼ੋਅ ਕਿਉਂ ਹੋ ਰਿਹਾ ਹੈ ?

.......................................................................................................................................

*(1 mark)*

(ਅ) ਸ਼ੋਅ ਕਦੋਂ ਹੋਵੇਗਾ ?

.......................................................................................................................................

*(1 mark)*

(ੲ) ਸ਼ੋਅ ਕਿੰਨੇ ਘੰਟੇ ਦਾ ਹੋਵੇਗਾ ?

.......................................................................................................................................

*(1 mark)*

(ਸ) ਸ਼ੋਅ ਦਾ ਟਿਕਟ ਕਿੰਨੇ ਦਾ ਹੋਵੇਗਾ ?

.......................................................................................................................................

*(1 mark)*

(ਹ) ਸ਼ੋਅ ਦਾ ਪ੍ਰੋਗਰਾਮ ਕਰਨ ਲਈ ਕੌਣ ਆ ਰਿਹਾ ਹੈ ?

.......................................................................................................................................

*(1 mark)*

10

**Turn over**


LEAVE MARGIN BLANK

**9** ਸਤਬੀਰ ਤੁਹਾਨੂੰ ਆਪਣੀ ਸਿਹਤ ਬਾਰੇ ਦੱਸ ਰਿਹਾ ਹੈ ।


| |
|---|
| ਮੈਂ ਆਪਣੀ ਸਿਹਤ ਦਾ ਬਹੁਤ ਖਿਆਲ ਰੱਖਦਾ ਹਾਂ । ਮੈਂ ਆਪਣੇ ਆਪ ਨੂੰ ਫਿੱਟ ਅਤੇ ਤੰਦਰੁਸਤ ਰੱਖਣ ਲਈ ਹਰ ਰੋਜ਼ ਦੌੜਨ ਜਾਂਦਾ ਹਾਂ । |

ਸਤਬੀਰ ਆਪਣੀ ਸਿਹਤ ਨੂੰ ਠੀਕ ਰੱਖਣ ਵਾਸਤੇ ਕੀ ਕਰਦਾ ਹੈ ?

**1**



**2**



**3**



**4**



ਠੀਕ ਉੱਤਰ ਦਾ ਨੰਬਰ ਖਾਨੇ ਵਿੱਚ ਲਿਖੋ । ☐ *(1 mark)*

LEAVE MARGIN BLANK

**10** ਕਿਰਨ ਕਲਾਸ ਦੇ ਨਿਯਮਾਂ ਬਾਰੇ ਆਪਣੇ ਵਿਚਾਰ ਦੱਸਦੀ ਹੈ ।

# ਕਲਾਸ ਦੇ ਨਿਯਮ

ਕਲਾਸ ਦੇ ਨਿਯਮਾਂ ਦਾ ਹੋਣਾ ਬਹੁਤ ਜ਼ਰੂਰੀ ਹੈ । ਨਿਯਮਾਂ ਤੋਂ ਬਿਨਾਂ ਬੱਚਿਆਂ ਦੀ ਪੜ੍ਹਾਈ ਤੇ ਬਹੁਤ ਬੁਰਾ ਅਸਰ ਪੈ ਸਕਦਾ ਹੈ । ਨਿਯਮਾਂ ਤੋਂ ਬਿਨਾਂ ਨਾ ਤਾਂ ਚੰਗੀ ਤਰ੍ਹਾਂ ਪੜ੍ਹਾਇਆ ਜਾ ਸਕਦਾ ਹੈ ਅਤੇ ਨਾ ਹੀ ਚੰਗੀ ਤਰ੍ਹਾਂ ਸਿੱਖਿਆ ਜਾ ਸਕਦਾ ਹੈ । ਜੇ ਬੱਚੇ ਚੁੱਪ ਕਰਕੇ ਨਾ ਬੈਠਣ ਤੇ ਅਧਿਆਪਕ ਨੂੰ ਧਿਆਨ ਨਾਲ ਨਾ ਸੁਣਨ ਤਾਂ ਉਨ੍ਹਾਂ ਨੂੰ ਔਖੀਆਂ ਗੱਲਾਂ ਸਮਝ ਨਹੀਂ ਆਉਂਦੀਆਂ । ਜਿਹੜੇ ਵਿਦਿਆਰਥੀ ਨਿਯਮਾਂ ਦੀ ਪਾਲਣਾ ਨਹੀਂ ਕਰਦੇ, ਉਹ ਆਮ ਤੌਰ ਤੇ ਪੜ੍ਹਾਈ ਵਿੱਚ ਪਿੱਛੇ ਰਹਿ ਜਾਂਦੇ ਹਨ ।

(ੳ) ਕਲਾਸ ਦੇ ਨਿਯਮਾਂ ਦਾ ਹੋਣਾ ਕਿਉਂ ਜ਼ਰੂਰੀ ਹੈ ? ਤਿੰਨ ਗੱਲਾਂ ਲਿਖੋ ।

..............................................................................................................................

..............................................................................................................................

..............................................................................................................................

*(3 marks)*

(ਅ) ਜਿਹੜੇ ਵਿਦਿਆਰਥੀ ਕਲਾਸ ਦੇ ਨਿਯਮਾਂ ਦੀ ਪਾਲਣਾ ਨਹੀਂ ਕਰਦੇ, ਉਨ੍ਹਾਂ ਨੂੰ ਕੀ ਨੁਕਸਾਨ ਹੁੰਦਾ ਹੈ ?

..............................................................................................................................

*(1 mark)*

**END OF TEST**

*5*